ਰੋਕਥਾਮਕਾਰੀ ਸਿਹਤ ਸੰਭਾਲ ਬਾਰੇ
ਕੈਨੇਡੀਅਨ ਟਾਸਕ ਫੋਰਸ

# PSA ਪੂਰਵ-ਪੜਤਾਲ ਦੇ ਲਾਭ ਅਤੇ ਨੁਕਸਾਨ

## ਰੋਕਥਾਮਕਾਰੀ ਸਿਹਤ ਸੰਭਾਲ ਬਾਰੇ ਕੈਨੇਡੀਅਨ ਟਾਸਕ ਫੋਰਸ PSA ਟੈਸਟ ਨਾਲ ਪ੍ਰੋਸਟੇਟ ਕੈਂਸਰ ਵਾਸਤੇ ਪੂਰਵ-ਪੜਤਾਲ ਕਰਨ ਦੀ ਸਿਫਾਰਸ਼ ਨਹੀਂ ਕਰਦੀ

- CTFPHC ਨੇ ਦੇਖਿਆ ਕਿ PSA ਪੂਰਵ-ਪੜਤਾਲ ਤੋਂ ਹੋਣ ਵਾਲਾ ਸੰਭਾਵੀ ਛੋਟਾ ਜਿਹਾ ਲਾਭ ਪੂਰਵ-ਪੜਤਾਲ ਕਰਵਾਉਣ ਅਤੇ ਇਸ ਨਾਲ ਸੰਬੰਧਿਤ ਫਾਲੋ-ਅੱਪ ਇਲਾਜ ਦੇ ਜ਼ਿਕਰਯੋਗ ਨੁਕਸਾਨਾਂ ਦੇ ਮੁਕਾਬਲੇ ਬਹੁਤ ਘੱਟ ਹੈ।
- ਪੁਰਸ਼ਾਂ ਨੂੰ ਸਮਝਣਾ ਚਾਹੀਦਾ ਹੈ ਕਿ PSA ਟੈਸਟ ਦਾ ਪੱਧਰ ਉਚਾ ਹੋਣ ਦੀ ਸੂਰਤ ਵਿਚ ਉਹਨਾਂ ਨੂੰ ਵਾਧੂ ਟੈਸਟਿੰਗ ਕਰਵਾਉਣੀ ਪੈ ਸਕਦੀ ਹੈ।
- ਇੱਕ ਜ਼ਿੰਦਗੀ ਬਚਾਉਣ ਲਈ ਸਾਨੂੰ 27 ਵਾਧੂ ਪੁਰਸ਼ਾਂ ਦੀ ਪ੍ਰੋਸਟੇਟ ਕੈਂਸਰ ਨਾਲ ਤਸ਼ਖੀਸ ਕਰਨੀ ਪਵੇਗੀ।

## PSA ਟੈਸਟ ਨਾਲ 1,000 ਪੁਰਸ਼ਾਂ ਦੀ ਪੂਰਵ-ਪੜਤਾਲ ਕਰਨ ਦੇ ਨਤੀਜੇ

(55–69 ਸਾਲਾਂ ਦੀ ਉਮਰ ਵਾਲੇ ਲੋਕ, ਜਿਨ੍ਹਾਂ ਦੀ 13-ਸਾਲਾਂ ਦੀ ਮਿਆਦ ਦੌਰਾਨ ਪੂਰਵ-ਪੜਤਾਲ ਕੀਤੀ ਗਈ, ਅਤੇ ਜਿਨ੍ਹਾਂ ਵਿੱਚ PSA ਪੂਰਵ-ਪੜਤਾਲ ਦੀ ਉੱਪਰਲੀ ਸੀਮਾ 3.0 ng/ml ਸੀ)



### ਜੇ ਮੈਂ ਪੂਰਵ-ਪੜਤਾਲ ਨਹੀਂ ਕਰਵਾਉਂਦਾ ਤਾਂ ਮੇਰੇ ਜੋਖ਼ਮ ਕੀ ਹਨ?

- ਉਹਨਾਂ ਪੁਰਸ਼ਾਂ ਵਿੱਚੋਂ ਜਿਨ੍ਹਾਂ ਦੀ PSA ਟੈਸਟ ਨਾਲ *ਪੂਰਵ-ਪੜਤਾਲ ਕੀਤੀ ਜਾਂਦੀ ਹੈ*, ਪ੍ਰੋਸਟੇਟ ਕੈਂਸਰ ਕਰਕੇ ਮੌਤ ਹੋਣ ਦਾ ਜੋਖ਼ਮ **1,000 ਵਿੱਚੋਂ 5** ਹੁੰਦਾ ਹੈ।
- ਉਹਨਾਂ ਪੁਰਸ਼ਾਂ ਵਿੱਚੋਂ ਜਿਨ੍ਹਾਂ ਦੀ PSA ਟੈਸਟ ਨਾਲ *ਪੂਰਵ-ਪੜਤਾਲ ਨਹੀਂ ਕੀਤੀ ਜਾਂਦੀ*, ਪ੍ਰੋਸਟੇਟ ਕੈਂਸਰ ਕਰਕੇ ਮੌਤ ਹੋਣ ਦਾ ਜੋਖ਼ਮ **1,000 ਵਿੱਚੋਂ 6** ਹੁੰਦਾ ਹੈ।

**720** ਪੁਰਸ਼ਾਂ ਦੇ PSA ਟੈਸਟ ਦਾ ਨਤੀਜਾ ਨੈਗੇਟਿਵ ਆਵੇਗਾ

**178** PSA ਦੇ ਪਾਜੇਟਿਵ ਨਤੀਜੇ ਵਾਲੇ ਪੁਰਸ਼ ਜਿਨ੍ਹਾਂ ਵਿੱਚ ਫਾਲੋ-ਅੱਪ ਟੈਸਟਿੰਗ ਪ੍ਰੋਸਟੇਟ ਕੈਂਸਰ ਦੀ ਪਛਾਣ ਨਹੀਂ ਕਰਦੀ

**4** ਇਹਨਾਂ 178 ਵਿੱਚੋਂ 4 ਵਿਅਕਤੀਆਂ ਨੂੰ ਬਾਇਓਪਸੀ ਸੰਬੰਧੀ ਜਟਿਲਤਾਵਾਂ ਦਾ ਅਨੁਭਵ ਹੋਵੇਗਾ ਜਿਵੇਂ ਕਿ ਲਾਗ ਲੱਗਣੀ ਅਤੇ ਏਨਾ ਕੁ ਖੂਨ ਵਗ ਜਾਣਾ ਜਿਸ ਵਾਸਤੇ ਹਸਪਤਾਲ ਦਾਖਲ ਹੋਣ ਦੀ ਲੋੜ ਪੈਂਦੀ ਹੈ।

**102** ਪੁਰਸ਼ਾਂ ਵਿੱਚ ਪ੍ਰੋਸਟੇਟ ਕੈਂਸਰ ਦੀ ਤਸ਼ਖੀਸ ਕੀਤੀ ਜਾਵੇਗੀ

**33** ਇਹਨਾਂ 102 ਲੋਕਾਂ ਵਿੱਚੋਂ 33 ਅਜਿਹੇ ਹੋਣਗੇ, ਜਿਨ੍ਹਾਂ ਵਿੱਚ ਪ੍ਰੋਸਟੇਟ ਕੈਂਸਰ ਕਰਕੇ ਬਿਮਾਰੀ ਜਾਂ ਮੌਤ ਨਹੀਂ ਹੋਈ ਹੋਣੀ ਸੀ ਇਸ ਬਾਰੇ ਅਨਿਸ਼ਚਿਤਤਾ ਦੇ ਕਰਕੇ ਕਿ ਕੀ ਉਹਨਾਂ ਦਾ ਕੈਂਸਰ ਅੱਗੇ ਵਧੇਗਾ, ਜ਼ਿਆਦਾਤਰ ਪੁਰਸ਼ ਇਲਾਜ ਦੀ ਚੋਣ ਕਰਨਗੇ ਅਤੇ ਉਹਨਾਂ ਨੂੰ ਇਲਾਜ ਦੀਆਂ ਪੇਚੀਦਗੀਆਂ ਦਾ ਅਨੁਭਵ ਹੋ ਸਕਦਾ ਹੈ

**5** ਪੁਰਸ਼ਾਂ ਦੀ PSA ਪੂਰਵ-ਪੜਤਾਲ ਕਰਵਾਉਣ ਦੇ ਬਾਵਜੂਦ ਪ੍ਰੋਸਟੇਟ ਕੈਂਸਰ ਕਰਕੇ ਮੌਤ ਹੋ ਸਕਦੀ ਹੈ

**1** ਪੁਰਸ਼ ਪ੍ਰੋਸਟੇਟ ਕੈਂਸਰ ਤੋਂ ਹੋਣ ਵਾਲੀ ਮੌਤ ਤੋਂ ਇਸ ਲਈ ਬਚ ਜਾਵੇਗਾ ਕਿਉਂਕਿ ਉਸਨੇ PSA ਪੂਰਵ-ਪੜਤਾਲ ਕਰਵਾ ਲਈ ਸੀ

### ਪ੍ਰੋਸਟੇਟ ਕੈਂਸਰ ਵਾਸਤੇ ਇਲਾਜ ਦੀਆਂ ਪੇਚੀਦਗੀਆਂ

ਪ੍ਰੋਸਟੇਟ ਕੈਂਸਰ ਵਾਸਤੇ ਇਲਾਜ ਕਰਵਾਉਣ ਵਾਲੇ ਹਰ 1,000 ਪੁਰਸ਼ਾਂ ਵਿੱਚੋਂ:

- 114 – 214 ਲੋਕਾਂ ਵਿੱਚ ਥੋੜ੍ਹੀ-ਮਿਆਦ ਦੀਆਂ ਪੇਚੀਦਗੀਆਂ ਹੋਣਗੀਆਂ ਜਿਵੇਂ ਕਿ ਲਾਗਾਂ, ਵਾਧੂ ਸਰਜਰੀਆਂ, ਅਤੇ ਖੂਨ ਚੜ੍ਹਾਉਣਾ
- 127 – 442 ਲੋਕਾਂ ਨੂੰ ਲੰਬੀ-ਮਿਆਦ ਲਈ ਲਿੰਗ ਖੜ੍ਹਾ ਨਾ ਹੋਣ ਦੇ ਵਿਕਾਰ ਦਾ ਅਨੁਭਵ ਹੋਵੇਗਾ
- 178 ਤੱਕ ਲੋਕਾਂ ਨੂੰ ਪਿਸ਼ਾਬ 'ਤੇ ਕੰਟਰੋਲ ਨਾ ਹੋਣ ਦਾ ਅਨੁਭਵ ਹੋਵੇਗਾ
- 4 – 5 ਲੋਕ ਪ੍ਰੋਸਟੇਟ ਕੈਂਸਰ ਦੇ ਇਲਾਜ ਦੀਆਂ ਪੇਚੀਦਗੀਆਂ ਕਰਕੇ ਮਰ ਜਾਣਗੇ

*ਲਾਭਾਂ ਅਤੇ ਨੁਕਸਾਨਾਂ ਵਾਸਤੇ ਅੰਕੜਿਆਂ ਦੀ ਗਣਨਾ ਯੂਰੋਪੀਅਨ ਰੈਂਡੋਮਾਈਜ਼ਡ ਸਟੱਡੀ ਆਫ ਸਕ੍ਰੀਨਿੰਗ ਫਾਰ ਪ੍ਰੋਸਟੇਟ ਕੈਂਸਰ (ERSPC) ਤੋਂ ਕੀਤੀ ਗਈ ਸੀ।*

ਜ਼ਰੂਰੀ ਨਹੀਂ ਕਿ ਏਥੇ ਜ਼ਾਹਰ ਕੀਤੇ ਗਏ ਦ੍ਰਿਸ਼ਟੀਕੋਣ ਪਬਲਿਕ ਹੈਲਥ ਏਜੰਸੀ ਆਫ ਕੈਨੇਡਾ ਦੇ ਦ੍ਰਿਸ਼ਟੀਕੋਣਾਂ ਦੀ ਤਰਜ਼ਮਾਨੀ ਕਰਦੇ ਹੋਣ



ਕਾਪੀਰਾਈਟ © (2014) ਯੂਨੀਵਰਸਿਟੀ ਆਫ ਕੈਲਗਰੀ